# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 6/15-16 ਅ 4(2) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 23.08.2016

ਸ਼੍ਰੀਮਤੀ ਸਵਰਨਜੀਤ ਕੌਰ, ਸ.ਸ ਮਿਸਟ੍ਰੈਸ, ਚੰਨਣ ਦੇਵੀ ਸਕੰਹਸ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ ਜੋ ਕਿ ਮਿਤੀ 14.02.03 ਤੋਂ ਅਣਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰਹਾਜਰ ਚੱਲਦੀ ਰਹੀ ਅਤੇ ਮਿਤੀ 31.05.12 ਨੂੰ In-absentia ਰਿਟਾਇਰ ਹੋ ਚੁੱਕੀ ਹੈ।

ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 13 (ii) ਦੀਆਂ ਪ੍ਰੋਵੀਜ਼ਨਜ਼ ਦੇ ਸਨਮੁੱਖ ਇਹ ਸਪਸ਼ਟ ਹੈ ਕਿ ਇਸ ਸਟੇਜ ਤੇ ਕੋਈ ਇਨਕੁਆਰੀ reasonably practicable ਨਹੀਂ। ਮਾਨਯੋਗ ਸੁਪਰੀਮ ਕੋਰਟ ਵੱਲੋਂ Jeewan Lal Ltd. Calcutta Vs its Workmen AIR 1961 SC 1567 and Shahoodual Vs Registrar Cooperative Societies, Bihar AIR 1974 SC 1896 ਵਿੱਚ ਦਿੱਤੇ ਫੈਸਲੇ ਤੋਂ ਵੀ ਸਪਸ਼ਟ ਹੈ ਕਿ ਜੇਕਰ ਕੋਈ ਕਰਮਚਾਰੀ (ਸਰਕਾਰੀ ਜਾਂ ਗੈਰ ਸਰਕਾਰੀ) ਵਿਭਾਗ ਨੂੰ ਬਿਨਾਂ ਦੱਸੇ ਜਾਂ ਪ੍ਰਵਾਨਤ ਛੁੱਟੀ ਦਾ ਸਮਾਂ ਬੀਤਣ ਉਪਰੰਤ ਲੰਮਾ ਸਮਾਂ ਗੈਰ ਹਾਜਰ ਰਹਿੰਦੇ ਹਨ ਭਾਵ ਉਹ ਸਰਕਾਰੀ ਸੇਵਾ ਨੂੰ abandon ਕਰ ਗਏ ਹਨ ਤਾਂ ਸਮਰੱਥ ਅਧਿਕਾਰੀ ਵਲੋਂ ਅਜਿਹੇ ਕਰਮਚਾਰੀਆਂ ਵਿਰੁੱਧ ਬਿਨਾਂ ਕਿਸੇ ਇਨਕੁਆਰੀ ਕੰਡਕਟ ਕੀਤੇ ਉਸ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਜਾ ਸਕਦੀਆਂ ਹਨ। ਫੈਸਲਾ ਹੇਠ ਅਨੁਸਾਰ reproduce ਕੀਤਾ ਜਾਂਦਾ ਹੈ:-

"Long unauthorized absence may reasonably give rise to an inference that such service is intended to be abandoned by the employee and being a case of abandonment of service no notice/inquiry is required."

ਮਾਨਯੋਗ ਸੁਪਰੀਮ ਕੋਰਟ ਦੁਆਰਾ ਇੱਕ ਹੋਰ ਕੇਸ Vijay. S Sathaye Vs Indian Airlines Ltd. And others, decided on 06-09-2013, 2014(3) RSJ 1 ਵਿੱਚ ਉਪਰੋਕਤ ਨਿਰਧਾਰਤ ਕਾਨੂੰਨ ਨੂੰ ਮੁੜ ਪ੍ਰਮਾਣਤ ਕੀਤਾ ਹੈ।

Punjab Civil Services Vol-II Rule 3.17 A (2) ਦੀਆਂ provisions ਵੀ ਇਸ ਕੇਸ ਵਿੱਚ ਪੂਰੀ ਤਰ੍ਹਾਂ applicable ਹਨ। ਇਹ ਰੂਲ ਹੇਠ ਅਨੁਸਾਰ reproduce ਕੀਤਾ ਜਾਂਦਾ ਹੈ:-

"An interruption in the service of government employess caused by willful absence from duty or unauthorized absence without leave, shall entail forfeiture of the past service"

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀਮਤੀ ਸਵਰਨਜੀਤ ਕੌਰ, ਸ.ਸ ਮਿਸਟ੍ਰੈਸ, ਚੰਨਣ ਦੇਵੀ ਸਕੰਹਸ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 31.08.16 ਨੂੰ " ਜਗਬਾਣੀ " ਵਿੱਚ ਪਬਲਿਕ ਨੋਟਿਸ ਦਿੱਤਾ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਜੇਕਰ ਉਹ ਆਪਣੀ ਅਣਅਧਿਕਾਰਤ ਗੈਰਹਾਜ਼ਰੀ ਦੇ ਸੰਬੰਧ ਵਿੱਚ, ਆਪਣੇ ਪੱਖ ਵਿੱਚ ਕੁੱਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੇ ਸਾਹਮਣੇ ਕਿਸੇ ਕੰਮ ਵਾਲੇ ਦਿਨ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਨਹੀਂ ਕਹਿਣਾ ਚਾਹੁੰਦੀ ਅਤੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨਦੀ ਹੈ ਅਤੇ ਇਨ੍ਹਾਂ ਦੀਆਂ ਸੇਵਾਵਾਂ ਪੰਜਾਬ ਸਿਵਲ ਸਰਵਿਸਜ਼ ਵਾਲਿਊਮ 2 ਦੇ ਨਿਯਮ 3.17 ਏ ਅਧੀਨ ਫਾਰਫਿਟ (forfeit) ਕਰ ਦਿੱਤੀਆਂ ਜਾਣਗੀਆਂ। ਪਰੰਤੂ ਇਸ ਨੋਟਿਸ ਦੇ ਜਵਾਬ ਵਿੱਚ ਕਰਮਚਾਰਨ ਨੇ ਨਾ ਤਾਂ ਕੋਈ ਉੱਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਸਵਰਨਜੀਤ ਕੌਰ, ਸ.ਸ ਮਿਸਟ੍ਰੈਸ, ਚੰਨਣ ਦੇਵੀ ਸਕੰਹਸ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ ਜੋ ਮਿਤੀ 14-02-2003 ਤੋਂ ਆਪਣੀ ਰਿਟਾਇਰਮੈਂਟ ਦੀ ਮਿਤੀ 31.05.12 ਤੱਕ ਲਗਾਤਰ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹੀ ਅਤੇ ਮਿਤੀ 31.05.12 In-absentia ਰਿਟਾਇਰ ਹੋ ਚੁੱਕੀ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸਰਵਿਸਿਸ ਵਾਲਿਊਮ-2 ਦੇ ਨਿਯਮ 3.17 ਏ ਅਧੀਨ forfeit ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 15666-69 ਮਿਤੀ, ਐਸ.ਏ.ਐਸ.ਨਗਰ :- 6-10-16
ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. (ਰਜਿ) ਜਿਲਾ ਸਿੱਖਿਆ ਅਫਸਰ (ਸੈ:ਸਿ), ਲੁਧਿਆਣਾ ਨੂੰ ਕਰਮਚਾਰਨ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੁੱਖਅਧਿਆਪਕ, ਚੰਨਣ ਦੇਵੀ ਸਕੰਹਸ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀਮਤੀ ਸਵਰਨਜੀਤ ਕੌਰ, ਸ.ਸ ਮਿਸਟ੍ਰੈਸ, ਚੰਨਣ ਦੇਵੀ ਸਕੰਹਸ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ ।

ਨੱਥੀ:-ਸੇਵਾਪੱਤਰੀ(ਅਸਲ)

ਸੁਪਰਡੰਟ ਕੋਆਰਡੀਨੇਸ਼ਨ ਸੈਲ